NYC

Bill de Blasio
Mayor

Department of
Consumer Affairs

Julie Menin
Commissioner

# ਤਨਖਾਹ ਦੇ ਨਾਲ ਬਿਮਾਰੀ ਦੀ ਛੁੱਟੀ: ਰੁਜ਼ਗਾਰਦਾਤਾਵਾਂ ਨੂੰ ਕੀ ਜਾਣਨ ਦੀ ਲੋੜ ਹੈ

ਕੁਝ ਖਾਸ ਰੁਜ਼ਗਾਰਦਾਤਾਵਾਂ ਲਈ 1 ਅਪ੍ਰੈਲ 2014 ਤੋਂ ਨਿਊਯੋਰਕ ਸਿਟੀ ਦੇ Earned Sick Time Act (Paid Sick Leave Law) [ਕਮਾਏ ਗਏ ਬਿਮਾਰੀ ਦੇ ਸਮੇਂ ਬਾਰੇ ਅਧਿਨਿਯਮ (ਤਨਖਾਹ ਦੇ ਨਾਲ ਬਿਮਾਰੀ ਛੁੱਟੀ ਕਨੂੰਨ)] ਦਾ ਪਾਲਨ ਕਰਨਾ ਜ਼ਰੂਰੀ ਹੋਵੇਗਾ। ਕਨੂੰਨ ਦੇ ਤਹਿਤ, ਇਸਦੇ ਅਧੀਨ ਆਉਣ ਵਾਲੇ ਕਰਮਚਾਰੀਆਂ ਨੂੰ ਆਪਣੇ ਖੁਦ ਜਾਂ ਪਰਿਵਾਰ ਦੇ ਕਿਸੇ ਮੈਂਬਰ ਦੀ ਦੇਖਭਾਲ ਅਤੇ ਇਲਾਜ ਲਈ ਬਿਮਾਰੀ ਦੀ ਛੁੱਟੀ ਵਰਤਣ ਦਾ ਹੱਕ ਹੈ।

ਉਪਭੋਗਤਾ ਮਾਮਲਿਆਂ ਦੇ ਵਿਭਾਗ (Department of Consumer Affairs - DCA) ਨੇ ਰੁਜ਼ਗਾਰਦਾਤਾਵਾਂ ਨੂੰ ਕਨੂੰਨ ਦੇ ਤਹਿਤ ਉਹਨਾਂ ਦੀ ਜ਼ਿੰਮੇਵਾਰੀਆਂ ਬਾਰੇ ਮਾਰਗਦਰਸ਼ਨ ਦੇਣ ਲਈ ਇਹ ਕਿਤਾਬਚਾ ਤਿਆਰ ਕੀਤਾ। ਉਚਿਤ ਹੋਣ 'ਤੇ DCA ਇਸ ਕਿਤਾਬਚੇ ਨੂੰ ਨਵਿਆਏਗਾ। ਕਿਰਪਾ ਕਰਕੇ ਕਿਤਾਬਚੇ ਦੇ ਹੇਠਾਂ ਮਿਤੀ ਨੋਟ ਕਰੋ। ਕਨੂੰਨ ਅਤੇ ਕਨੂੰਨ ਬਾਰੇ ਅਕਸਰ ਪੁੱਛੇ ਜਾਣ ਵਾਲੇ ਪ੍ਰਸ਼ਨ ਪੜ੍ਹਨ ਲਈ **nyc.gov/PaidSickLeave** 'ਤੇ ਜਾਓ।

## ਰੁਜ਼ਗਾਰਦਾਤਾ ਜਿਨ੍ਹਾਂ ਲਈ ਬਿਮਾਰੀ ਦੀ ਛੁੱਟੀ ਮੁਹੱਈਆ ਕਰਨਾ ਜ਼ਰੂਰੀ ਹੈ

| ਕਰਮਚਾਰੀਆਂ ਦੀ ਸੰਖਿਆ | ਪ੍ਰਤੀ ਕਲੰਡਰ ਸਾਲ ਬਿਮਾਰੀ ਦੀ ਛੁੱਟੀ ਦੀ ਮਾਤਰਾ | ਤਨਖਾਹ ਦੇ ਨਾਲ ਜਾਂ ਤਨਖਾਹ ਦੇ ਬਿਨਾਂ ਬਿਮਾਰੀ ਦੀ ਛੁੱਟੀ | ਭੁਗਤਾਨ ਦੀ ਦਰ |
|---|---|---|---|
| 5 ਜਾਂ ਵੱਧ<br>*ਇੱਕ ਕਲੰਡਰ ਸਾਲ ਵਿੱਚ 80 ਤੋਂ ਵੱਧ ਘੰਟੇ ਕੰਮ ਜ਼ਰੂਰ ਕੀਤਾ ਹੋਵੇ* | 40 ਘੰਟਿਆਂ ਤਕ | ਤਨਖਾਹ ਦੇ ਨਾਲ | ਨਿਯਮਿਤ ਘੰਟਾਵਾਰ ਦਰ ਪਰ 8 ਪ੍ਰਤੀ ਘੰਟਾ (ਘੱਟੋ-ਘੱਟ ਤਨਖ਼ਾਹ) ਤੋਂ ਘੱਟ ਨਹੀਂ |
| 1-4<br>*ਇੱਕ ਕਲੰਡਰ ਸਾਲ ਵਿੱਚ 80 ਤੋਂ ਵੱਧ ਘੰਟੇ ਕੰਮ ਜ਼ਰੂਰ ਕੀਤਾ ਹੋਵੇ* | 40 ਘੰਟਿਆਂ ਤਕ | ਤਨਖਾਹ ਦੇ ਬਿਨਾਂ | ਲਾਗੂ ਨਹੀਂ |
| 1 ਜਾਂ ਵੱਧ ਘਰੇਲੂ ਕਰਮਚਾਰੀ<br>*ਪ੍ਰਤੀ ਕਲੰਡਰ ਸਾਲ ਵਿੱਚ 80 ਤੋਂ ਵੱਧ ਘੰਟੇ ਕੰਮ ਜ਼ਰੂਰ ਕੀਤਾ ਹੋਵੇ ਅਤੇ ਉਸੇ ਰੁਜ਼ਗਾਰਦਾਤਾ ਦੁਆਰਾ ਘੱਟੋ-ਘੱਟ 1 ਸਾਲ ਤਕ ਕੰਮ 'ਤੇ ਰੱਖਿਆ ਗਿਆ ਹੋਵੇ* | 2 ਦਿਨ | ਤਨਖਾਹ ਦੇ ਨਾਲ | ਨਿਯਮਿਤ ਘੰਟਾਵਾਰ ਦਰ ਪਰ 8 ਪ੍ਰਤੀ ਘੰਟਾ (ਘੱਟੋ-ਘੱਟ ਤਨਖ਼ਾਹ) ਤੋਂ ਘੱਟ ਨਹੀਂ |

*ਧਿਆਨ ਦਿਓ: "ਕਲੰਡਰ ਸਾਲ" ਦਾ ਮਤਲਬ ਕਿਸੇ ਰੁਜ਼ਗਾਰਦਾਤਾ ਦੁਆਰਾ ਨਿਰਧਾਰਿਤ 12 ਮਹੀਨੇ ਦੀ ਨਿਯਮਿਤ ਅਤੇ ਲਗਾਤਾਰ ਸਮਾਂ-ਮਿਆਦ ਹੈ।

***ਧਿਆਨ ਦਿਓ:*** ਜੇ ਤੁਹਾਡੇ ਕੋਲ ਅਜਿਹੀ ਮੌਜੂਦਾ ਨੀਤੀ ਹੈ ਜੋ ਕਰਮਚਾਰੀਆਂ ਨੂੰ ਬਿਮਾਰੀ ਦੀ ਛੁੱਟੀ ਵਰਤਣ ਦੀ ਇਜਾਜ਼ਤ ਦਿੰਦੀ ਹੈ, ਤਾਂ ਤੁਹਾਡੀ ਨੀਤੀ ਨੂੰ ਕਨੂੰਨ ਦੀਆਂ ਲੋੜਾਂ ਪੂਰੀਆਂ ਕਰਨੀਆਂ ਲਾਜ਼ਮੀ ਹਨ ਜਾਂ ਉਹ ਇਸ ਤੋਂ ਬਿਹਤਰ ਹੋਣੀ ਚਾਹੀਦੀ ਹੈ।

## ਰੁਜ਼ਗਾਰਦਾਤਾ ਜਿਨ੍ਹਾਂ ਦੇ ਕਰਮਚਾਰੀ ਕਨੂੰਨ ਦੇ ਅਧੀਨ ਨਹੀਂ ਆਉਂਦੇ

ਅਜਿਹੇ ਕਰਮਚਾਰੀ ਕਨੂੰਨ ਦੇ ਅਧੀਨ ਨਹੀਂ ਆਉਂਦੇ ਜੋ ਕਿਸੇ ਕਲੰਡਰ ਸਾਲ ਵਿੱਚ 80 ਘੰਟੇ ਜਾਂ ਇਸ ਤੋਂ ਘੱਟ ਕੰਮ ਕਰਦੇ ਹਨ; ਕੇਂਦਰੀ ਸਰਕਾਰ ਦੇ ਕੰਮ ਅਧਿਐਨ ਪ੍ਰੋਗਰਾਮਾਂ ਵਿੱਚ ਸ਼ਾਮਿਲ ਵਿਦਿਆਰਥੀ; ਅਜਿਹੇ ਕਰਮਚਾਰੀ ਜਿਨ੍ਹਾਂ ਦੇ ਕੰਮ ਦੀ ਯੋਗ ਸਕਾਲਰਸ਼ਿਪ ਪ੍ਰੋਗਰਾਮਾਂ ਦੁਆਰਾ ਹਰਜ਼ਾਨਾ ਪੂਰਤੀ ਕੀਤੀ ਜਾਂਦੀ ਹੈ; ਸਰਕਾਰੀ ਏਜੰਸੀਆਂ ਦੇ ਕਰਮਚਾਰੀ; ਸਰੀਰਕ ਥੇਰੇਪਿਸਟ, ਪੇਸ਼ਾਵਰ ਥੇਰੇਪਿਸਟ, ਬੋਲੀ ਜਾਂਦੀ ਭਾਸ਼ਾ ਦੇ ਚਿਕਿਤਸਕ, ਆਡੀਓਲੋਜਿਸਟ ਜਿਨ੍ਹਾਂ ਨੂੰ ਨਿਊਯੋਰਕ ਰਾਜ ਦੇ ਸਿੱਖਿਆ ਵਿਭਾਗ ਦੁਆਰਾ ਲਾਇਸੈਂਸ ਦਿੱਤਾ ਗਿਆ ਹੈ, ਜੇ ਉਹ ਇੱਛਾ ਦੇ ਅਨੁਸਾਰ ਕੰਮ 'ਤੇ ਆਉਂਦੇ ਹਨ, ਆਪਣਾ ਕੰਮ ਦਾ ਕਾਰਜਕ੍ਰਮ ਨਿਰਧਾਰਤ ਕਰਦੇ ਹਨ, ਉਹਨਾਂ ਕੋਲ ਉਹਨਾਂ ਦੇ ਕੋਲ ਭੇਜੇ ਗਏ ਕਿਸੇ ਕੰਮ ਨੂੰ ਅਸਵੀਕਾਰ ਜਾਂ ਸਵੀਕਾਰ ਕਰਨ ਦੀ ਸਮਰੱਥਾ ਹੈ, ਅਤੇ ਉਹਨਾਂ ਨੂੰ ਔਸਤ ਸਲਾਨਾ ਤਨਖ਼ਾਹ ਦਾ ਭੁਗਤਾਨ ਕੀਤਾ ਜਾਂਦਾ ਹੈ, ਜੋ ਸੰਘੀ ਘੱਟੋ-ਘੱਟ ਤਨਖ਼ਾਹ ਦਾ ਘੱਟੋ-ਘੱਟ ਚਾਰ ਗੁਣਾ ਹੈ; ਅਜਿਹੇ ਸੁਤੰਤਰ ਠੇਕਦਾਰ ਜੋ New York State Labor Law (ਨਿਊਯੋਰਕ ਰਾਜ ਮਿਹਨਤ ਕਨੂੰਨ) ਦੇ ਤਹਿਤ ਕਿਸੇ ਕਰਮਚਾਰੀ ਦੀ ਪਰਿਭਾਸ਼ਾ ਨੂੰ ਪੂਰਾ ਨਹੀਂ ਕਰਦੇ; ਕੰਮ ਦੇ ਤਜਰਬੇ ਪ੍ਰੋਗਰਾਮਾਂ ਵਿੱਚ ਪ੍ਰਤਿਭਾਗੀ; ਸਮੂਹਿਕ ਸੌਦੇਬਾਜ਼ੀ ਇਕਰਾਰਨਾਮਾ ਦੇ ਅਧੀਨ ਕੁਝ ਖਾਸ ਕਰਮਚਾਰੀ। ਸਮੂਹਿਕ ਸੌਦੇਬਾਜ਼ੀ ਇਕਰਾਰਨਾਮਿਆਂ ਦੇ ਮਾਮਲੇ ਵਿੱਚ, ਕਰਮਚਾਰੀ ਉਸ ਸਥਿਤੀ ਵਿੱਚ ਕਨੂੰਨ ਦੇ ਅਧੀਨ ਨਹੀਂ ਆਉਂਦੇ ਜੇ ਇਕਰਾਰਨਾਮਾ ਸਪੱਸ਼ਟ ਰੂਪ ਵਿੱਚ ਕਨੂੰਨ ਦੇ ਪ੍ਰਾਵਧਾਨ ਤੋਂ ਛੂਟ ਮੁਹੱਈਆ ਕਰਦਾ ਹੈ ਅਤੇ ਤੁਲਨਾਤਮਕ ਲਾਭ ਮੁਹੱਈਆ ਕਰਦਾ ਹੈ। ਪਰ, ਸਮੂਹਿਕ ਸੌਦੇਬਾਜ਼ੀ ਇਕਰਾਰਨਾਮਿਆਂ ਦੇ ਅਧੀਨ ਆਉਣ ਵਾਲੇ ਨਿਰਮਾਣ ਜਾਂ ਕਿਰਾਨਾ ਉਦਯੋਗ ਦੇ ਕਰਮਚਾਰੀਆਂ ਲਈ, ਕਨੂੰਨ ਉਸ ਸਥਿਤੀ ਵਿੱਚ ਲਾਗੂ ਨਹੀਂ ਹੁੰਦਾ ਜੇ ਇਕਰਾਰਨਾਮਾ ਸਪੱਸ਼ਟ ਰੂਪ ਵਿੱਚ ਕਨੂੰਨ ਦੇ ਪ੍ਰਬੰਧ ਤੋਂ ਛੂਟ ਮੁਹੱਈਆ ਕਰਦਾ ਹੈ। ਸਮੂਹਿਕ ਸੌਦੇਬਾਜ਼ੀ ਇਕਰਾਰਨਾਮਿਆਂ ਬਾਰੇ ਮਾਰਗਦਰਸ਼ਨ ਲਈ **nyc.gov/PaidSickLeave** 'ਤੇ ਅਕਸਰ ਪੁੱਛੇ ਜਾਣ ਵਾਲੇ ਪ੍ਰਸ਼ਨ ਪੜ੍ਹੋ।

## ਕਰਮਚਾਰੀ ਦੇ ਹੱਕਾਂ ਦਾ ਨੋਟਿਸ

| ਕਰਮਚਾਰੀ | ਉਹ ਮਿਤੀ ਜਦੋਂ ਕਰਮਚਾਰੀਆਂ ਨੂੰ ਲਿਖਤੀ ਨੋਟਿਸ ਦੇਣਯੋਗ ਹੁੰਦਾ ਹੈ |
|---|---|
| ਨਵੇਂ<br>*ਪਹਿਲੀ ਵਾਰ 1 ਅਪ੍ਰੈਲ 2014 ਨੂੰ ਜਾਂ ਇਸਦੇ ਬਾਅਦ ਨੌਕਰੀ 'ਤੇ ਰੱਖੇ ਗਏ* | ਰੁਜ਼ਗਾਰ ਦਾ ਪਹਿਲਾ ਦਿਨ |
| ਮੌਜੂਦਾ<br>*1 ਅਪ੍ਰੈਲ 2014 ਤੋਂ ਪਹਿਲਾਂ ਰੁਜ਼ਗਾਰਦਾਤਾ ਲਈ ਪਹਿਲਾਂ ਤੋਂ ਕੰਮ ਕਰਦੇ* | 1 ਮਈ 2014 |

ਤੁਹਾਨੂੰ ਹਰੇਕ ਕਰਮਚਾਰੀ ਨੂੰ ਕਰਮਚਾਰੀ ਦੀ ਬਿਮਾਰੀ ਦੀ ਛੁੱਟੀ ਦੇ ਹੱਕ ਦਾ ਲਿਖਤੀ ਨੋਟਿਸ ਮੁਹੱਈਆ ਕਰਨਾ ਲਾਜ਼ਮੀ ਹੈ ਜਿਸ ਵਿੱਚ ਬਿਮਾਰੀ ਦੀ ਛੁੱਟੀ ਨੂੰ ਜਮ੍ਹਾਂ ਕਰਨ ਅਤੇ ਇਸਨੂੰ ਵਰਤਣ, ਸ਼ਿਕਾਇਤ ਦਰਜ ਕਰਨ ਦਾ ਹੱਕ ਅਤੇ ਬਦਲਾ ਲਏ ਜਾਣ ਤੋਂ ਮੁਕਤ ਰਹਿਣ ਦਾ ਹੱਕ ਸ਼ਾਮਲ ਹੈ। ਤੁਹਾਨੂੰ ਸ਼ੁਰੂ ਹੋਣ ਦੀ ਮਿਤੀ ਅਤੇ ਸਮਾਪਤੀ ਮਿਤੀ ਸਮੇਤ ਆਪਣਾ ਕਲੰਡਰ ਸਾਲ ਦੱਸਣਾ ਲਾਜ਼ਮੀ ਹੈ। ਕਰਮਚਾਰੀਆਂ ਨੂੰ ਅੰਗ੍ਰੇਜ਼ੀ ਵਿੱਚ ਅਤੇ, ਜੇ DCA ਦੀ ਵੈਬਸਾਈਟ 'ਤੇ ਉਪਲਬਧ ਹੋਵੇ, ਤਾਂ ਉਹਨਾਂ ਦੀ ਮੁਢਲੀ ਭਾਸ਼ਾ ਵਿੱਚ ਨੋਟਿਸ ਪ੍ਰਾਪਤ ਕਰਨ ਦਾ ਹੱਕ ਹੈ। ਨੋਟਿਸ nyc.gov/PaidSickLeave 'ਤੇ ਉਪਲਬਧ ਹੈ।

## ਬਿਮਾਰੀ ਦੀ ਛੁੱਟੀ ਨੂੰ ਜਮ੍ਹਾਂ ਕਰਨਾ ਅਤੇ ਵਰਤੋਂ - ਮਹੱਤਵਪੂਰਨ ਮਿਤੀਆਂ

| | ਜਮ੍ਹਾਂ ਕਰਨ ਦੀ ਦਰ | ਜਮ੍ਹਾਂ ਕਰਨਾ ਸ਼ੁਰੂ ਹੋਣ ਦੀ ਮਿਤੀ | ਮਿਤੀ ਜਦੋਂ ਬਿਮਾਰੀ ਦੀ ਛੁੱਟੀ ਵਰਤੋਂ ਲਈ ਉਪਲਬਧ ਹੁੰਦੀ ਹੈ |
|---|---|---|---|
| **ਕਰਮਚਾਰੀ** | 1 ਘੰਟਾ - ਕੰਮ ਕੀਤੇ ਗਏ ਹਰੇਕ 30 ਘੰਟਿਆਂ ਲਈ | 1 ਅਪ੍ਰੈਲ 2014<br>*(ਮੌਜੂਦਾ ਕਰਮਚਾਰੀ)* | 30 ਜੁਲਾਈ 2014<br>*(ਮੌਜੂਦਾ ਕਰਮਚਾਰੀ)* |
| | | ਰੁਜ਼ਗਾਰ ਦਾ ਪਹਿਲਾ ਦਿਨ<br>*(ਨਵਾਂ ਕਰਮਚਾਰੀ)* | ਰੁਜ਼ਗਾਰ ਦੇ ਪਹਿਲਾਂ ਦਿਨ ਦੇ ਬਾਅਦ 120 ਦਿਨ<br>*(ਨਵਾਂ ਕਰਮਚਾਰੀ)* |
| **ਘਰੇਲੂ ਕਰਮਚਾਰੀ** | ਕੰਮ ਦੇ ਸਥਾਨ 'ਤੇ 1 ਸਾਲ ਦੇ ਬਾਅਦ 2 ਦਿਨ | DCA, nyc.gov/PaidSickLeave 'ਤੇ ਮਾਰਗਦਰਸ਼ਨ ਮੁਹੱਈਆ ਕਰੇਗਾ | DCA, nyc.gov/PaidSickLeave 'ਤੇ ਮਾਰਗਦਰਸ਼ਨ ਮੁਹੱਈਆ ਕਰੇਗਾ |

*ਅਪਵਾਦ:* ਜੇ ਕਰਮਚਾਰੀ ਕਿਸੇ ਅਜਿਹੇ ਸਮੂਹਿਕ ਸੌਦੇਬਾਜ਼ੀ ਇਕਰਾਰਨਾਮੇ ਦੁਆਰਾ ਇਸਦੇ ਅਧੀਨ ਆਉਂਦਾ ਹੈ ਜੋ 1 ਅਪ੍ਰੈਲ 2014 ਨੂੰ ਲਾਗੂ ਹੈ, ਤਾਂ ਕਰਮਚਾਰੀ ਉਸ ਮਿਤੀ ਤੋਂ ਸ਼ੁਰੂ ਕਰਦੇ ਹੋਏ, ਜਦੋਂ ਇਕਰਾਰਨਾਮਾ ਸਮਾਪਤ ਹੁੰਦਾ ਹੈ, ਸਿਟੀ ਦੇ ਕਨੂੰਨ ਦੇ ਤਹਿਤ ਬਿਮਾਰੀ ਦੀ ਛੁੱਟੀ ਨੂੰ ਜਮ੍ਹਾਂ ਕਰਨਾ ਸ਼ੁਰੂ ਕਰ ਦਿੰਦਾ ਹੈ।

## ਰਿਕਾਰਡ ਦੀ ਸਾਂਭ-ਸੰਭਾਲ

ਤੁਹਾਨੂੰ ਲਾਜ਼ਮੀ ਤੌਰ 'ਤੇ ਘੱਟੋ-ਘੱਟ ਤਿੰਨ ਸਾਲ ਤਕ ਕਨੂੰਨ ਦੀ ਪਾਲਣਾ ਕਰਨ ਦੇ ਦਸਤਾਵੇਜ਼ੀ ਰਿਕਾਰਡ ਰੱਖਣੇ ਚਾਹੀਦੇ ਹਨ ਅਤੇ ਇਹਨਾਂ ਦੀ ਸਾਂਭ-ਸੰਭਾਲ ਕਰਨੀ ਚਾਹੀਦੀ ਹੈ। ਤੁਹਾਨੂੰ ਲਾਜ਼ਮੀ ਤੌਰ 'ਤੇ ਕੋਈ ਸਿਹਤ ਸੰਬੰਧੀ ਸੂਚਨਾ ਉਦੋਂ ਤਕ ਗੁਪਤ ਰੱਖਣੀ ਚਾਹੀਦੀ ਹੈ ਜਦੋਂ ਤਕ ਕਰਮਚਾਰੀ ਤੁਹਾਨੂੰ ਇਸਦਾ ਖੁਲਾਸਾ ਕਰਨ ਦੀ ਆਗਿਆ ਨਾ ਦੇਵੇ ਜਾਂ ਜਦੋਂ ਤਕ ਇਸਦਾ ਖੁਲਾਸਾ ਕਰਨਾ ਕਨੂੰਨ ਦੁਆਰਾ ਲੋੜੀਂਦਾ ਨਾ ਹੋਵੇ। ਤੁਹਾਨੂੰ ਨੋਟਿਸ ਦਿੱਤੇ ਜਾਣ 'ਤੇ ਦਿਨ ਦੇ ਕਿਸੇ ਸਹਿਮਤ ਸਮੇਂ 'ਤੇ ਰਿਕਾਰਡ DCA ਨੂੰ ਉਪਲਬਧ ਕਰਵਾਉਣੇ ਹੋਣਗੇ।

## ਅਗਾਊਂ ਨੋਟਿਸ

ਜੇ ਲੋੜ ਦਾ ਪਹਿਲਾਂ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੋਵੇ, ਤਾਂ ਤੁਸੀਂ ਬਿਮਾਰੀ ਦੀ ਛੁੱਟੀ ਨੂੰ ਵਰਤਣ ਦੇ ਕਿਸੇ ਕਰਮਚਾਰੀ ਦੇ ਇਰਾਦੇ ਦੇ ਸੱਤ ਦਿਨ ਤਕ ਦੇ ਅਗਾਊਂ ਨੋਟਿਸ ਦੀ ਮੰਗ ਕਰ ਸਕਦੇ ਹੋ। ਜੇ ਲੋੜ ਦਾ ਪਹਿਲਾਂ ਤੋਂ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਹੈ, ਤਾਂ ਤੁਸੀਂ ਕਿਸੇ ਕਰਮਚਾਰੀ ਤੋਂ ਵਿਹਾਰਕ (ਤਰਕਸ਼ੀਲ) ਹੋਣ 'ਤੇ ਜਲਦੀ ਤੋਂ ਜਲਦੀ ਨੋਟਿਸ ਦਿੱਤੇ ਜਾਣ ਦੀ ਮੰਗ ਕਰ ਸਕਦੇ ਹੋ।

## ਲਿਖਤੀ ਸਬੂਤ

ਤੁਸੀਂ ਉਸ ਸਥਿਤੀ ਵਿੱਚ ਕਿਸੇ ਲਾਇਸੈਂਸਧਾਰੀ ਸਿਹਤ ਦੇਖਭਾਲ ਪ੍ਰਦਾਤਾ ਤੋਂ ਲਿਖਤੀ ਸਬੂਤ ਉਪਲਬਧ ਕਰਵਾਉਣ ਦੀ ਮੰਗ ਕਰ ਸਕਦੇ ਹੋ ਜੇ ਕੋਈ ਕਰਮਚਾਰੀ ਤਿੰਨ ਤੋਂ ਵੱਧ ਲਗਾਤਾਰ ਕੰਮਕਾਜੀ ਦਿਨਾਂ ਨੂੰ ਬਿਮਾਰੀ ਦੀ ਛੁੱਟੀ ਦੇ ਰੂਪ ਵਿੱਚ ਵਰਤਦਾ ਹੈ। Paid Sick Leave Law (ਤਨਖਾਹ ਦੇ ਨਾਲ ਬਿਮਾਰੀ ਛੁੱਟੀ ਕਨੂੰਨ) ਤੁਹਾਡੇ ਸਿਹਤ ਦੇਖਭਾਲ ਪ੍ਰਦਾਤਾ ਨੂੰ ਬਿਮਾਰੀ ਦੀ ਛੁੱਟੀ ਦੇ ਡਾਕਟਰੀ ਕਾਰਨ ਦੱਸਣ ਦੀ ਮੰਗ ਕਰਨ ਤੋਂ ਮਨ੍ਹਾਂ ਕਰਦਾ ਹੈ। ਖੁਲਾਸਾ ਹੋਰ ਕਨੂੰਨਾਂ ਦੁਆਰਾ ਲੋੜੀਂਦਾ ਹੋ ਸਕਦਾ ਹੈ। ਤੁਸੀਂ ਕਿਸੇ ਕਰਮਚਾਰੀ ਤੋਂ ਇਸ ਬਾਰੇ ਲਿਖਤੀ ਪ੍ਰਮਾਣੀਕਰਨ ਦੇਣ ਦੀ ਮੰਗ ਕਰ ਸਕਦੇ ਹੋ ਕਿ ਕਰਮਚਾਰੀ ਨੇ ਬਿਮਾਰੀ ਦੀ ਛੁੱਟੀ ਨੂੰ ਬਿਮਾਰੀ ਦੀ ਛੁੱਟੀ ਦੇ ਉਦੇਸ਼ਾਂ ਲਈ ਵਰਤਿਆ ਹੈ।

## ਨਾ ਵਰਤੀ ਗਈ ਬਿਮਾਰੀ ਦੀ ਛੁੱਟੀ

ਕੋਈ ਕਰਮਚਾਰੀ 40 ਘੰਟੇ ਤਕ ਦੀ ਨਾ ਵਰਤੀ ਗਈ ਬਿਮਾਰੀ ਦੀ ਛੁੱਟੀ ਨੂੰ ਅਗਲੇ ਕਲੰਡਰ ਸਾਲ ਵਿੱਚ ਲਿਜਾ ਸਕਦਾ ਹੈ। ਫੇਰ ਵੀ, ਤੁਹਾਨੂੰ ਕਿਸੇ ਕਰਮਚਾਰੀ ਤੋਂ ਸਿਰਫ਼ ਪ੍ਰਤੀ ਕਲੰਡਰ ਸਾਲ ਵਿੱਚ 40 ਘੰਟੇ ਤਕ ਦੀ ਬਿਮਾਰੀ ਦੀ ਛੁੱਟੀ ਦੀ ਵਰਤੋਂ ਕਰਨ ਦੇਣ ਦੀ ਲੋੜ ਹੁੰਦੀ ਹੈ। ਤੁਸੀਂ ਕਲੰਡਰ ਸਾਲ ਦੇ ਅੰਤ 'ਤੇ ਨਾ ਵਰਤੀ ਗਈ ਬਿਮਾਰੀ ਦੀ ਛੁੱਟੀ ਲਈ ਕਿਸੇ ਕਰਮਚਾਰੀ ਨੂੰ ਭੁਗਤਾਨ ਕਰਨ ਦਾ ਫੈਸਲੇ ਕਰ ਸਕਦੇ ਹੋ ਪਰ ਤੁਹਾਡੇ ਲਈ ਇਹ ਲੋੜੀਂਦਾ ਨਹੀਂ ਹੈ। ਕਰਮਚਾਰੀ ਉਸ ਸਥਿਤੀ ਵਿੱਚ ਬਿਮਾਰੀ ਦੀ ਛੁੱਟੀ ਅੱਗੇ ਨਹੀਂ ਲਿਜਾ ਸਕਦੇ ਹਨ ਜੇ ਤੁਸੀਂ ਉਹਨਾਂ ਨੂੰ ਨਾ ਵਰਤੀ ਗਈ ਬਿਮਾਰੀ ਦੀ ਛੁੱਟੀ ਲਈ ਭੁਗਤਾਨ ਕਰਦੇ ਹੋ ਅਤੇ ਤੁਸੀਂ ਕਰਮਚਾਰੀ ਨੂੰ ਤਨਖਾਹ ਦੇ ਨਾਲ ਬਿਮਾਰੀ ਛੁੱਟੀ ਦੀ ਉਹ ਮਾਤਰਾ ਮੁਹੱਈਆ ਕਰਦੇ ਹੋ ਜੋ ਨਵੇਂ ਕਲੰਡਰ ਸਾਲ ਦੇ ਪਹਿਲੇ ਦਿਨ 'ਤੇ ਨਵੇਂ ਕਲੰਡਰ ਸਾਲ ਲਈ ਕਨੂੰਨ ਦੀਆਂ ਲੋੜਾਂ ਨੂੰ ਪੂਰਾ ਕਰਦੀ ਹੈ ਜਾਂ ਇਸ ਨਾਲੋਂ ਵੱਧ ਹੈ।

## ਬਦਲਾ ਲੈਣਾ

ਤੁਸੀਂ ਕਿਸੇ ਕਰਮਚਾਰੀ ਦੁਆਰਾ ਬਿਮਾਰੀ ਦੀ ਛੁੱਟੀ ਦੀ ਬੇਨਤੀ ਕਰਨ ਜਾਂ ਇਸਨੂੰ ਵਰਤਣ ਲਈ ਉਸ ਤੋਂ ਬਦਲਾ ਨਹੀਂ ਲੈ ਸਕਦੇ। ਬਦਲੇ ਵਿੱਚ ਕਨੂੰਨ ਦੇ ਅਧੀਨ ਗਾਰੰਟੀ ਦਿੱਤੇ ਗਏ ਕਿਸੇ ਹੱਕ ਨੂੰ ਵਰਤਣ ਜਾਂ ਵਰਤਣ ਦੀ ਕੋਸ਼ਿਸ਼ ਕਰਨ ਵਾਲੇ ਕਿਸੇ ਕਰਮਚਾਰੀ ਦੇ ਵਿਰੁੱਧ ਕੋਈ ਧਮਕੀ, ਜੁਰਮਾਨਾ, ਕਾਰਜ-ਮੁਕਤ ਕਰਨਾ, ਅਹੁਦਾ ਘਟਾਉਣਾ, ਮੁਅੱਤਲੀ ਜਾਂ ਕਿਸੇ ਕਰਮਚਾਰੀ ਦੇ ਘੰਟਿਆਂ ਵਿੱਚ ਕਮੀ ਜਾਂ ਕਿਸੇ ਕਰਮਚਾਰੀ ਦੇ ਵਿਰੁੱਧ ਕੋਈ ਪ੍ਰਤਿਕੂਲ ਰੁਜ਼ਗਾਰ ਕਾਰਵਾਈ ਸ਼ਾਮਲ ਹੈ।

## ਸ਼ਿਕਾਇਤਾਂ

ਜੇ ਕੋਈ ਕਰਮਚਾਰੀ DCA ਦੇ ਕੋਲ ਸ਼ਿਕਾਇਤ ਦਰਜ ਕਰਦਾ ਹੈ, ਤਾਂ DCA ਲਿਖਤੀ ਉੱਤਰ ਲਈ ਤੁਹਾਡੇ ਨਾਲ ਡਾਕ ਦੁਆਰਾ ਸੰਪਰਕ ਕਰੇਗਾ। ਤੁਹਾਨੂੰ ਲਾਜ਼ਮੀ ਤੌਰ 'ਤੇ 30 ਦਿਨਾਂ ਦੇ ਅੰਦਰ DCA ਨੂੰ ਉੱਤਰ ਦੇਣਾ ਹੋਵੇਗਾ। DCA ਸ਼ਿਕਾਇਤ ਨੂੰ ਹੱਲ ਕਰਨ ਲਈ ਤੁਹਾਡੇ ਅਤੇ ਕਰਮਚਾਰੀ ਦੇ ਨਾਲ ਮਿਲ ਕੇ ਕੰਮ ਕਰੇਗਾ। ਅਸੀਂ ਪਾਲਣਾ ਕਰਨ ਵਿੱਚ ਵੀ ਤੁਹਾਡੀ ਸਹਾਇਤਾ ਕਰਾਂਗੇ।

## ਉਲੰਘਣਾ ਦਾ ਨੋਟਿਸ

ਜੇ ਤੁਹਾਨੂੰ ਉਲੰਘਣਾ ਦਾ ਨੋਟਿਸ ਮਿਲਦਾ ਹੈ, ਤਾਂ ਤੁਹਾਡੇ ਕੋਲ ਸੁਣਵਾਈ ਦੇ ਬਿਨਾਂ ਉਲੰਘਣਾ ਨੂੰ ਹੱਲ ਕਰਨ ਦਾ ਮੌਕਾ ਹੋਵੇਗਾ ਜਾਂ ਤੁਸੀਂ DCA ਦੇ ਫੈਸਲਾ ਟ੍ਰਾਇਬਿਊਨਲ (Adjudication Tribunal) ਵਿੱਚ ਕਿਸੇ ਨਿਰਪੱਖ ਜੱਜ ਦੇ ਸਾਹਮਣੇ ਪੇਸ਼ ਹੋ ਸਕਦੇ ਹੋ।

*ਧਿਆਨ ਦਿਓ*: 1 ਅਪ੍ਰੈਲ 2014 ਤੋਂ ਸ਼ੁਰੂ ਕਰਦੇ ਹੋਏ ਸਾਰੇ ਰੁਜ਼ਗਾਰਦਾਤਾਵਾਂ ਲਈ ਕਨੂੰਨ ਦਾ ਪਾਲਣਾ ਕਰਨਾ ਲਾਜ਼ਮੀ ਹੈ। 1 ਅਕਤੂਬਰ 2014 ਤਕ, ਹੇਠਾਂ ਲਿਖੇ ਰੁਜ਼ਗਾਰਦਾਤਾਵਾਂ ਦੇ ਕੋਲ ਜੁਰਮਾਨੇ ਦੇ ਬਿਨਾਂ ਪਾਲਣਾ ਯਕੀਨੀ ਬਣਾਉਣ ਦਾ ਮੌਕਾ ਹੋਵੇਗਾ ਅਤੇ 1 ਅਕਤੂਬਰ 2014 ਤੋਂ ਪਹਿਲਾਂ, ਪਹਿਲੀ ਉਲੰਘਣਾ ਨੂੰ ਇਹਨਾਂ ਰੁਜ਼ਗਾਰਦਾਤਾਵਾਂ ਦੇ ਵਿਰੁੱਧ ਨਹੀਂ ਮੰਨਿਆ ਜਾਵੇਗਾ:

- 1 ਤੋਂ 19 ਕਰਮਚਾਰੀਆਂ ਵਾਲੇ ਰੁਜ਼ਗਾਰਦਾਤਾ
- ਅਮਰੀਕੀ ਡਿਪਾਰਟਮੈਂਟ ਆਫ਼ ਲੇਬਰ ਦੀ ਉੱਤਰ ਅਮਰੀਕੀ ਉਦਯੋਗ ਵਰਗੀਕਰਣ ਪ੍ਰਣਾਲੀ (North American Industry Classification System - NAICS) ਦੇ ਸੈਕਟਰ 31, 32 ਜਾਂ 33 ਵਿੱਚ ਸੂਚੀਬੱਧ ਨਿਰਮਾਣ ਪੇਸ਼ੇ। ਪੂਰੀ ਸੂਚੀ ਲਈ, http://www.bls.gov/oes/current/naics2_31-33.htm 'ਤੇ ਜਾਓ:

**ਪ੍ਰਸ਼ਨ ਪੁੱਛਣ ਹਨ? ਕੀ ਤੁਸੀਂ ਕਨੂੰਨ ਨੂੰ ਸਮਝਣ ਲਈ ਕਿਸੇ ਸਿਖਲਾਈ ਵਿੱਚ ਹਿੱਸਾ ਲੈਣਾ ਚਾਹੁੰਦੇ ਹੋ?**

311 (NYC ਤੋਂ ਬਾਹਰ 212-NEW-YORK) 'ਤੇ ਫੋਨ ਕਰੋ ਅਤੇ ਤਨਖਾਹ ਦੇ ਨਾਲ ਬਿਮਾਰੀ ਛੁੱਟੀ ਬਾਰੇ ਸੂਚਨਾ ਮੰਗੋ